a2zpapers.com

Sr.No. 103

Exam Code: 103203

Subject Code: 1160

B.A./B.Sc. - 3rd Sem.

(2119)

Paper : Mudhli Punjabi

Time allowed : 3 hrs. Max. Marks : 50

*ਵਿਦਿਆਰਥੀਆਂ ਨੇ ਕੁਲ ਪੰਜ ਪ੍ਰਸ਼ਨ ਕਰਨੇ ਹਨ। ਸੈਕਸ਼ਨ- ਏ, ਬੀ, ਸੀ ਅਤੇ ਡੀ ਵਿਚੋਂ ਇਕ-ਇਕ ਪ੍ਰਸ਼ਨ ਕਰਨਾ ਹੈ ਅਤੇ ਪੰਜਵਾਂ ਪ੍ਰਸ਼ਨ ਕਿਸੇ ਵੀ ਸੈਕਸ਼ਨ ਵਿਚੋਂ ਕੀਤਾ ਜਾ ਸਕਦਾ ਹੈ। ਹਰੇਕ ਪ੍ਰਸ਼ਨ ਦੇ ਅੰਕ 10 ਹਨ।*

## ਸੈਕਸ਼ਨ-ਏ

1. ਹੇਠ ਲਿਖੇ ਵਾਕਾਂ ਵਿਚੋਂ ਕਿਰਿਆ ਵਾਕੰਸ਼ਾਂ ਦੀ ਪਛਾਣ ਕਰੋ:
   (i) ਮੁੰਡਾ ਪੜ੍ਹਦਾ ਹੈ।
   (ii) ਖਿਡਾਰੀ ਹਾਕੀ ਖੇਡਦੇ ਹਨ।
   (iii) ਮੇਰਾ ਪੈੱਨ ਮੋੜ ਦਿਉ।
   (iv) ਮੈਂ ਰੋਜ਼ਾਨਾ ਅੰਮ੍ਰਿਤਸਰ ਜਾਂਦਾ ਹਾਂ।
   (v) ਕਲ ਕਾਲਜ ਬੰਦ ਰਹੇ ਗਾ।
   (vi) ਮੈਂ ਨਹੀਂ ਆ ਸਕਾਂ ਗਾ।
   (vii) ਤੁਸੀਂ ਮੇਰੀ ਕਿਤਾਬ ਵਾਪਿਸ ਨਹੀਂ ਕੀਤੀ।
   (viii) ਤੁਹਾਨੂੰ ਪੜ੍ਹਨਾ ਚਾਹੀਦਾ ਹੈ।
   (ix) ਕੁੜੀ ਬਹੁਤ ਮੇਹਨਤੀ ਹੈ।
   (x) ਉਹਨਾਂ ਦੇ ਸਾਰੇ ਕੰਮ ਕਰ ਦਿੱਤੇ ਜਾਂਦੇ ਹਨ।

ਜਾਂ

2. ਤਿੰਨ ਬਿਆਨੀਆ, ਤਿੰਨ ਪ੍ਰਸ਼ਨ ਵਾਚਕ ਅਤੇ ਚਾਰ ਵਿਸਮਿਕ ਵਾਕ ਲਿਖੋ।

## ਸੈਕਸ਼ਨ-ਬੀ

3. 'ਵਿਦਿਅਰਥੀ ਜੀਵਨ ਵਿਚ ਅਨੁਸ਼ਾਸਨ ਦਾ ਮਹੱਤਵ' ਵਿਸ਼ੇ ਉਤੇ ਪੈਰ੍ਹਾ ਰਚਨਾ ਕਰੋ।

ਜਾਂ

4. ਕਾਲਜ ਵਿਚ ਅਸਿਸਟੈਂਟ ਪ੍ਰੋਫ਼ੈਸਰ ਦੀ ਨੌਕਰੀ ਪ੍ਰਾਪਤ ਕਰਨ ਸਬੰਧੀ ਬਿਨੈ-ਪੱਤਰ ਲਿਖੋ।

## ਸੈਕਸ਼ਨ-ਸੀ

5. ਹੇਠ ਲਿਖੇ ਅਖਾਣਾਂ ਨੂੰ ਇਸ ਤਰ੍ਹਾਂ ਵਾਕਾਂ ਵਿਚ ਵਰਤੋ ਕਿ ਇਹਨਾਂ ਦੇ ਅਰਥ ਸਪੱਸ਼ਟ ਹੋ ਜਾਣ:
   ਘਰ ਦਾ ਭੇਤੀ ਲੰਕਾ ਢਾਏ, ਚਮੜੀ ਜਾਏ ਦਮੜੀ ਨਾ ਜਾਏ, ਚੋਰ ਨਾਲੋਂ ਪੰਡ ਕਾਹਲੀ, ਜਿਸ ਦੀ ਕੋਠੀ ਵਿਚ ਦਾਣੇ ਉਹਦੇ ਕਮਲੇ ਵੀ ਸਿਆਣੇ, ਜੋ ਸੁਖ ਛੱਜੂ ਦੇ ਚੁਬਾਰੇ ਉਹ ਬਲਖ ਨਾ ਬੁਖ਼ਾਰੇ, ਜਾਂਦੇ ਚੋਰ ਦੀ ਲੰਗੋਟੀ ਹੀ ਸਹੀ, ਡਿੱਗੀ ਖੋਤੇ ਤੋਂ ਗੁੱਸਾ ਘੁਮਿਆਰ 'ਤੇ, ਡੁੱਲ੍ਹੇ ਬੇਰਾਂ ਦਾ ਕੁਝ ਨਹੀਂ ਵਿਗੜਿਆ, ਦੂਰ ਦੇ ਢੋਲ ਸੁਹਾਵਣੇ, ਧੋਬੀ ਦਾ ਕੁੱਤਾ ਨਾ ਘਰ ਦਾ ਨਾ ਘਾਟ ਦਾ

ਜਾਂ

6. ਹੇਠ ਲਿਖੇ ਮੁਹਾਵਰਿਆਂ ਨੂੰ ਇਸ ਤਰ੍ਹਾਂ ਵਾਕਾਂ ਵਿਚ ਵਰਤੋ ਕਿ ਇਹਨਾਂ ਦੇ ਅਰਥ ਸਪੱਸ਼ਟ ਹੋ ਜਾਣ:
   ਝਾਂਸੇ ਵਿਚ ਆਉਣਾ, ਢਹਿ ਢੇਰੀ ਹੋਣਾ, ਤੱਤੀ ਵਾ ਨਾ ਲੱਗਣਾ, ਤਰਲੋ ਮੱਛੀ ਹੋਣਾ, ਥੁੱਕ ਕੇ ਚੱਟਣਾ, ਦਿਨ ਰਾਤ ਇਕ ਕਰਨਾ, ਫੁੱਲੇ ਨਾ ਸਮਾਉਣਾ, ਮੱਖੀ 'ਤੇ ਮੱਖੀ ਮਾਰਨੀ, ਮੂੰਹ ਦੀ ਖਾਣਾ, ਲਾਹ ਪਾਹ ਕਰਨੀ

PTO



www.a2zpapers.com www.a2zpapers.com
Download free old Question papers gndu, ptu hp board, punjab board

a2zpapers.com



## ਸੈਕਸ਼ਨ-ਡੀ

7. ਹੇਠ ਲਿਖਿਆ ਪੈਰਾ ਪੜ੍ਹ ਕੇ ਪੁੱਛੇ ਗਏ ਪ੍ਰਸ਼ਨਾਂ ਦੇ ਉੱਤਰ ਦਿਓ:

ਪੰਜਾਬੀ ਸੱਭਿਆਚਾਰ ਵਿਚ ਪੱਗ ਦਾ ਵਿਸ਼ੇਸ਼ ਮਹੱਤਵ ਹੈ। ਪੱਗ ਇੱਜ਼ਤ ਅਤੇ ਸਵੈ-ਮਾਣ ਦਾ ਪ੍ਰਤੀਕ ਹੁੰਦੀ ਹੈ। ਪੰਜਾਬੀ ਪਹਿਰਾਵੇ ਵਿਚ ਪੱਗਾਂ ਕਈ ਕਿਸਮਾਂ ਦੀਆਂ ਹੁੰਦੀਆਂ ਹਨ। ਪੜ੍ਹੇ-ਲਿਖੇ ਲੋਕ ਪਟਿਆਲਾ ਸ਼ਾਹੀ ਪੋਚਵੀਂ ਪੱਗ ਬੰਨ੍ਹਦੇ ਹਨ ਤੇ ਨੌਜਵਾਨ ਤਿੱਖੀ ਟੂਟੀ ਵਾਲੀ, ਅਨਪੜ੍ਹ ਗੱਭਰੂ ਲੜ ਛੱਡ ਕੇ ਪੱਗ ਬੰਨ੍ਹਦਾ ਹੈ ਤੇ ਬੱਚੇ ਕੇਵਲ ਸਾਧਾਰਨ ਕਿਸਮ ਦੀ ਲਪੇਟਵੀਂ ਪੱਗ ਹੀ ਬੰਨ੍ਹ ਲੈਂਦੇ ਹਨ।ਪੰਜਾਬੀ ਮਰਦਾਂ ਵਾਂਗ ਹੀ ਕੁਝ ਸਮਾਂ ਪਹਿਲਾਂ ਪੰਜਾਬੀ ਔਰਤਾਂ ਦੇ ਪਹਿਰਾਵੇ ਵਿਚ 'ਘੱਗਰੇ' ਦੀ ਸ਼ਾਨ ਹੁੰਦੀ ਸੀ। ਪੰਜਾਬੀ ਸਮਾਜ ਵਿਚ ਹਰ ਸ਼ਾਦੀ-ਸ਼ੁਦਾ ਔਰਤ ਲਈ ਘੱਗਰਾ ਪਹਿਨਣਾ ਲਾਜ਼ਮੀ ਹੁੰਦਾ ਸੀ। ਸਾਟਨ ਜਾਂ ਕਾਲੀ ਸੂਫ਼ ਦਾ ਘੱਗਰਾ ਅਤੇ ਉੱਪਰ ਟਸਰ ਦੀ ਕੱਢੀ ਚਾਦਰ ਦੀ ਬੁੱਕਲ ਪੰਜਾਬਣ ਮੁਟਿਆਰ ਦੇ ਹੁਸਨ ਨੂੰ ਚਾਰ ਚੰਨ ਲਾਉਣ ਵਾਲਾ ਪਹਿਰਾਵਾ ਹੁੰਦਾ ਸੀ। ਘੱਗਰੇ ਨਾਲ ਲੱਗੀ ਲੌਣ ਆਪਣਾ ਵੱਖਰਾ ਜਲੌ ਰੱਖਦੀ ਸੀ। ਇਕ ਘੱਗਰੇ ਨੂੰ ਵੀਹ ਗਜ਼ ਤਕ ਕੱਪੜਾ ਲੱਗ ਸਕਦਾ ਸੀ। ਅੱਜ ਕਲ ਘੱਗਰੇ ਦੀ ਗੁੰਮ ਹੋ ਚੁੱਕੀ ਲੋਕਪ੍ਰਿਯਤਾ ਦੇ ਸੰਕੇਤ ਬਸ ਲੋਕ-ਗੀਤਾਂ ਵਿਚ ਹੀ ਲੱਭੇ ਜਾ ਸਕਦੇ ਹਨ।

(ੳ) ਪੰਜਾਬੀ ਸੱਭਿਆਚਾਰ ਵਿਚ ਪੱਗ ਕਿਸ ਗੱਲ ਦਾ ਪ੍ਰਤੀਕ ਹੈ?

(ਅ) ਪੰਜਾਬੀ ਪਹਿਰਾਵੇ ਵਿਚ ਪੱਗਾਂ ਦੀਆਂ ਪ੍ਰਮੁੱਖ ਕਿਸਮਾਂ ਕਿਹੜੀਆਂ ਹਨ?

(ੲ) ਪੁਰਾਣੇ ਪੰਜਾਬ ਵਿਚ ਔਰਤਾਂ ਦੇ ਪਹਿਰਾਵੇ ਦੀ ਸ਼ਾਨ ਕੀ ਸੀ?

(ਸ) ਪੰਜਾਬਣ ਮੁਟਿਆਰ ਦੇ ਹੁਸਨ ਨੂੰ ਚਾਰ ਚੰਨ ਲਾਉਣ ਵਾਲਾ ਪਹਿਰਾਵਾ ਕਿਹੜਾ ਸੀ?

(ਹ) ਪੁਰਾਣੇ ਪੰਜਾਬੀ ਪਹਿਰਾਵੇ ਵਿਚ ਘੱਗਰੇ ਦੀ ਲੋਕਪ੍ਰਿਯਤਾ ਦੇ ਸੰਕੇਤ ਕਿੱਥੋਂ ਲੱਭੇ ਜਾ ਸਕਦੇ ਹਨ?

ਜਾਂ

8. ਹੇਠ ਲਿਖੇ ਪੈਰੇ ਦੀ ਇਕ ਤਿਹਾਈ ਸ਼ਬਦਾਂ ਵਿਚ ਸੰਖੇਪ ਰਚਨਾ ਕਰੋ ਅਤੇ ਢੁਕਵਾਂ ਸਿਰਲੇਖ ਵੀ ਦਿਓ:

ਧਰਤੀ ਦੇ ਜਿਸ ਹਿੱਸੇ 'ਤੇ ਪੰਜਾਬ ਵੱਸਿਆ ਹੋਇਆ ਹੈ, ਦੁਨੀਆਂ ਦੀਆਂ ਸਭ ਤੋਂ ਜਰਖੇਜ਼ ਭੂਮੀਆਂ ਵਿਚੋਂ ਇਕ ਹੈ। ਇਸੇ ਲਈ ਇਹ ਸ਼ੁਰੂ ਤੋਂ ਹੀ ਵੱਖ-ਵੱਖ ਕੌਮਾਂ, ਸਮੁਦਾਇ ਅਤੇ ਧਾੜਵੀਆਂ ਲਈ ਖਿੱਚ ਦਾ ਕੇਂਦਰ ਰਿਹਾ ਹੈ। ਇਥੋਂ ਹੀ ਸਭਿਅਤਾ ਨਿਕਲ ਕੇ ਸਾਰੇ ਹਿੰਦੁਸਤਾਨ ਵਿਚ ਫੈਲੀ ਅਤੇ ਇਸੇ ਧਰਤੀ ਉਤੇ ਕਲਾਵਾਂ ਨੇ ਜਨਮ ਲਿਆ। ਪੰਜਾਬ ਦੀ ਸੰਗੀਤ ਕਲਾ ਇਸੇ ਇਤਿਹਾਸਕ ਅਤੇ ਸਭਿਆਚਾਰਕ ਰੂਪਾਂਤਰਨ ਦੀ ਦੇਣ ਹੈ ਜਿਸ ਨੇ ਸਮੁੱਚੇ ਉੱਤਰ ਭਾਰਤੀ ਸੰਗੀਤ ਨੂੰ ਪ੍ਰਭਾਵਤ ਕੀਤਾ ਹੈ। ਪੰਜਾਬੀ ਸੰਗੀਤ ਪਰੰਪਰਾ ਵਿਚ ਲੋਕ ਸੰਗੀਤ, ਸ਼ਾਸਤਰੀ ਸੰਗੀਤ, ਸੂਫ਼ੀ ਸੰਗੀਤ ਅਤੇ ਗੁਰਮਤਿ ਸੰਗੀਤ ਵਿਸ਼ੇਸ਼ ਸ਼ੈਲੀਆਂ ਵਜੋਂ ਉਭਰਦੇ ਹਨ। ਪੰਜਾਬ ਦੀ ਲੋਕ ਸੰਗੀਤ ਪਰੰਪਰਾ ਵਿਚੋਂ ਵਿਕਸਤ ਅਨੇਕ ਰਾਗ ਹਿੰਦੁਸਤਾਨੀ ਸੰਗੀਤ ਵਿਚ ਪ੍ਰਚਲਤ ਹਨ। ਗੁਰਮਤਿ ਸੰਗੀਤ ਦੀ ਪਰੰਪਰਾ ਦਾ ਆਰੰਭ ਗੁਰੂ ਸਾਹਿਬਾਨ ਦੁਆਰਾ ਪੰਜਾਬ ਦੀ ਸੰਗੀਤ ਪਰੰਪਰਾ ਵਿਚ ਇਕ ਅਹਿਮ ਯੋਗਦਾਨ ਹੈ।

*********



www.a2zpapers.com www.a2zpapers.com
Download free old Question papers gndu, ptu hp board, punjab board